# ਭਾਰਤ ਵਿੱਚ ਏਆਈ ਹੁਣ ਸਾਰਿਆਂ ਲਈ

## ਏਆਈ ਪਹੁੰਚ ਦਾ ਰਾਸ਼ਟਰਵਿਆਪੀ ਵਿਸਥਾਰ: ਸਰੋਤ, ਹੁਨਰ ਅਤੇ ਤਕਨੀਕੀ ਕ੍ਰਾਂਤੀ

**AI IN INDIA**
**FROM VISION TO IMPACT**

### ਮੁੱਖ ਬਿੰਦੂ

- 38,000 ਤੋਂ ਵੱਧ GPUs 65 ਰੁਪਏ ਪ੍ਰਤੀ ਘੰਟੇ ਦੀ ਦਰ 'ਤੇ ਉਪਲਬਧ, ਇਸ ਨਾਲ ਕਿਫਾਇਤੀ ਏਆਈ ਪਹੁੰਚ ਨੂੰ ਵਧਾਇਆ ਗਿਆ
- 5G ਹੁਣ 99.9 ਪ੍ਰਤੀਸ਼ਤ ਜ਼ਿਲ੍ਹਿਆਂ ਵਿੱਚ ਉਪਲਬਧ, ਪੂਰੇ ਭਾਰਤ ਵਿੱਚ ਸਕੇਲੇਬਲ ਏਆਈ ਇੰਫਰਾਸਟਰਕਚਰ ਨੂੰ ਨਵੀਂ ਤਾਕਤ ਦੇ ਰਿਹਾ ਹੈ
- ਏਆਈਕੋਸ਼ (AIKosh) ਸਾਂਝੇ ਰਾਸ਼ਟਰੀ ਸਰੋਤ ਵਜੋਂ 7,500+ ਡੇਟਾਸੈੱਟ ਅਤੇ 273 ਮਾਡਲ ਪ੍ਰਦਾਨ ਕਰਦਾ ਹੈ

### ਜਾਣ ਪਛਾਣ

ਆਰਟੀਫਿਸ਼ੀਅਲ ਇੰਟੈਲੀਜੈਂਸ ਭਾਰਤ ਦੀ ਵਿਕਾਸ ਯਾਤਰਾ ਦਾ ਇੱਕ ਕੇਂਦਰੀ ਸਤੰਭ ਬਣ ਗਿਆ ਹੈ। ਇਹ ਗਵਰਨੈਂਸ ਨੂੰ ਮਜ਼ਬੂਤ ਕਰ ਰਿਹਾ ਹੈ, ਜਨਤਕ ਸੇਵਾਵਾਂ ਦੇ ਵੰਡ ਵਿੱਚ ਸੁਧਾਰ ਲਿਆ ਰਿਹਾ ਹੈ ਅਤੇ ਅਜਿਹੇ ਹੱਲ ਸਮਰੱਥ ਬਣਾ ਰਿਹਾ ਹੈ ਜੋ ਵਿਆਪਕ ਪੱਧਰ 'ਤੇ ਨਾਗਰਿਕਾਂ ਤੱਕ ਪਹੁੰਚ ਸਕਣ। ਮਨੁੱਖੀ ਤਰੱਕੀ ਨੂੰ ਹਮੇਸ਼ਾ ਤਕਨਾਲੋਜੀ ਨੇ ਆਕਾਰ ਦਿੱਤਾ ਹੈ। ਬਿਜਲੀ ਨੇ ਰੋਜ਼ਾਨਾ ਜੀਵਨ ਅਤੇ ਕੰਮ ਕਰਨ ਦੇ ਢੰਗ ਨੂੰ ਬਦਲ ਦਿੱਤਾ, ਕੰਪਿਊਟਰ ਨੇ ਜਾਣਕਾਰੀ ਦੇ ਪ੍ਰੋਸੈਸਿੰਗ ਦੇ ਤਰੀਕੇ ਨੂੰ ਬਦਲ ਦਿੱਤਾ, ਇੰਟਰਨੈੱਟ ਨੇ ਸੀਮਾਵਾਂ ਪਾਰ ਲੋਕਾਂ ਅਤੇ ਪ੍ਰਣਾਲੀਆਂ ਨੂੰ ਜੋੜਿਆ ਅਤੇ ਮੋਬਾਈਲ ਫੋਨ ਨੇ ਤਕਨਾਲੋਜੀ ਨੂੰ ਸਿੱਧੇ ਨਾਗਰਿਕਾਂ ਦੇ ਹੱਥਾਂ ਵਿੱਚ ਪਹੁੰਚਾ ਦਿੱਤਾ। ਏਆਈ ਦਾ ਇਹਨਾਂ ਹੀ ਆਧਾਰਾਂ 'ਤੇ ਨਿਰਮਾਣ ਕੀਤਾ ਗਿਆ ਹੈ ਅਤੇ ਹੁਣ ਖੇਤੀਬਾੜੀ, ਸਿਹਤ ਸੇਵਾ, ਸਿੱਖਿਆ, ਮੈਨੂਫੈਕਚਰਿੰਗ, ਜਲਵਾਯੂ ਸੁਰੱਖਿਆ ਅਤੇ ਗਵਰਨੈਂਸ ਵਰਗੇ ਖੇਤਰਾਂ ਨੂੰ ਬਦਲਣ ਲਈ ਮਨੁੱਖਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਭਾਰਤ ਲਈ, ਏਆਈ

ਸਭ ਦੀ ਪਹੁੰਚ ਵਿੱਚ ਹੋਣਾ ਇਹ ਯਕੀਨੀ ਬਣਾਉਣ ਲਈ ਲਾਜ਼ਮੀ ਹੈ ਕਿ ਇਸ ਦੇ ਲਾਭ ਵਿਆਪਕ ਰੂਪ ਵਿੱਚ ਸਾਂਝੇ ਕੀਤੇ ਜਾਣ ਅਤੇ 2047 ਤੱਕ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਅਨੁਸਾਰ ਹੋਣ।

ਏਆਈ ਨੂੰ ਆਮ ਲੋਕਾਂ ਲਈ ਪਹੁੰਚਯੋਗ ਕਰਨਾ ਮੁੱਖ ਤੌਰ 'ਤੇ ਕੰਪਿਊਟਿੰਗ ਸ਼ਕਤੀ, ਡੇਟਾ ਰਿਪੋਜ਼ਿਟਰੀ ਅਤੇ ਮਾਡਲ ਈਕੋਸਿਸਟਮ ਤੱਕ ਬਰਾਬਰ ਪਹੁੰਚ 'ਤੇ ਨਿਰਭਰ ਕਰਦਾ ਹੈ। ਅੱਜ ਦੇ ਸਮੇਂ ਵਿੱਚ ਇਹ ਸਰੋਤ ਹੀ ਇਹ ਤੈਅ ਕਰਦੇ ਹਨ ਕਿ ਡਿਜੀਟਲ ਅਰਥਵਿਵਸਥਾ ਵਿੱਚ ਕੌਣ ਨਵੀਨਤਾ ਕਰ ਸਕਦਾ ਹੈ, ਕੌਣ ਮੁਕਾਬਲੇ ਵਿੱਚ ਟਿਕ ਸਕਦਾ ਹੈ ਅਤੇ ਕੌਣ ਪ੍ਰਭਾਵੀ ਢੰਗ ਨਾਲ ਗਵਰਨੈਂਸ ਕਰ ਸਕਦਾ ਹੈ। ਭਾਰਤ ਦਾ ਵਿਕਾਸ- ਕੇਂਦ੍ਰਿਤ ਦ੍ਰਿਸ਼ਟੀਕੋਣ ਏਆਈ ਰਣਨੀਤੀ ਦੇ ਮੂਲ ਵਿੱਚ ਇਸ ਪਹੁੰਚਯੋਗਤਾ ਨੂੰ ਰੱਖਦਾ ਹੈ, ਜਿਸ ਨਾਲ ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਸਟਾਰਟਅੱਪਸ, ਖੋਜਕਰਤਾਵਾਂ, ਜਨਤਕ ਸੰਸਥਾਵਾਂ ਅਤੇ ਨਵਪ੍ਰਵਰਤਕਾਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਈ ਜਾਂਦੀ ਹੈ।

ਇਸੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੇ ਹੋਏ, 'ਇੰਡੀਆ–ਏਆਈ ਇੰਪੈਕਟ ਸਮਿਟ 2026' ਦਾ ਆਯੋਜਨ 16 ਤੋਂ 20 ਫਰਵਰੀ 2026 ਤੱਕ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਕੀਤਾ ਜਾਵੇਗਾ। ਗਲੋਬਲ ਸਾਊਥ ਵਿੱਚ ਆਯੋਜਿਤ ਹੋਣ ਵਾਲਾ ਇਹ ਪਹਿਲਾ ਵਿਸ਼ਵਵਿਆਪੀ ਏਆਈ ਸਿਖਰ ਸੰਮੇਲਨ ਹੋਵੇਗਾ। ਇਹ ਸਮਿਟ ਵਿਸ਼ਵ ਲੀਡਰਾਂ, ਨੀਤੀ ਨਿਰਮਾਤਾਵਾਂ, ਤਕਨਾਲੋਜੀ ਕੰਪਨੀਆਂ, ਨਵਪ੍ਰਵਰਤਕਾਂ ਅਤੇ ਮਾਹਿਰਾਂ ਨੂੰ ਇੱਕ ਮੰਚ 'ਤੇ ਲਿਆਵੇਗਾ, ਤਾਂ ਜੋ ਸਮਾਵੇਸ਼ੀ ਵਿਕਾਸ, ਗਵਰਨੈਂਸ ਅਤੇ ਸਸਟੇਨੇਬਲ ਡਿਵੈਲਪਮੈਂਟ ਲਈ ਏਆਈ ਦੀ ਪਰਿਵਰਤਨਸ਼ੀਲ ਸਮਰੱਥਾ 'ਤੇ ਚਰਚਾ ਅਤੇ ਇਸ ਦਾ ਪ੍ਰਦਰਸ਼ਨ ਕੀਤਾ ਜਾ ਸਕੇ।

## ਏਆਈ ਦਾ ਲੋਕਤੰਤਰੀਕਰਣ ਕੀ ਹੈ?

ਏਆਈ ਦੇ ਲੋਕਤੰਤਰੀਕਰਣ ਦਾ ਅਰਥ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਵਰਤੋਂਕਾਰਾਂ ਦੇ ਇੱਕ ਵਿਸ਼ਾਲ ਅਤੇ ਵਿਭਿੰਨ ਸਮੂਹ ਲਈ ਪਹੁੰਚਯੋਗ, ਕਿਫਾਇਤੀ ਅਤੇ ਉਪਯੋਗੀ ਬਣਾਉਣਾ ਹੈ। ਇਹ ਸਿਰਫ਼ ਬਣੇ-ਬਣਾਏ ਐਪਸ ਤੱਕ ਪਹੁੰਚ ਪ੍ਰਦਾਨ ਕਰਨ ਤੋਂ ਕਿਤੇ ਅੱਗੇ ਦੀ ਗੱਲ ਹੈ। ਇਸ ਵਿੱਚ ਏਆਈ ਦੀਆਂ ਬੁਨਿਆਦੀ ਨਿਰਮਾਣ ਇਕਾਈਆਂ ਜਿਵੇਂ ਕਿ ਕੰਪਿਊਟਿੰਗ ਸ਼ਕਤੀ, ਡੇਟਾਸੈੱਟ ਅਤੇ ਮਾਡਲ ਈਕੋਸਿਸਟਮ ਤੱਕ ਪਹੁੰਚ ਸ਼ਾਮਲ ਹੈ। ਜਿਵੇਂ-ਜਿਵੇਂ ਇਹ ਸਰੋਤ ਵੱਡੇ ਪੱਧਰ 'ਤੇ ਉਪਲਬਧ ਹੋ ਰਹੇ ਹਨ, ਵਿਅਕਤੀ ਅਤੇ ਸੰਸਥਾਵਾਂ ਏਆਈ ਦੇ ਮਾਧਿਅਮ ਨਾਲ ਆਪਣੀਆਂ ਉਪਲਬਧੀਆਂ ਦੇ ਦਾਇਰੇ ਦਾ ਵਿਸਥਾਰ ਕਰ ਰਹੀਆਂ ਹਨ।

ਲੋਕਤੰਤਰੀਕਰਣ ਦਾ ਮਤਲਬ ਆਰਥਿਕ ਮੌਕਿਆਂ ਨੂੰ ਵਧਾਉਣਾ ਵੀ ਹੈ। ਇਹ ਗਤੀ ਭਾਰਤ ਦੇ ਵਰਕਫੋਰਸ ਵਿੱਚ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦੀ ਹੈ, ਜਿੱਥੇ ਤਕਨੀਕੀ ਅਤੇ ਏਆਈ ਈਕੋਸਿਸਟਮ ਵਿੱਚ 60 ਲੱਖ ਤੋਂ ਵੱਧ ਲੋਕ ਕੰਮ ਕਰ ਰਹੇ ਹਨ। ਅਕਤੂਬਰ 2025 ਵਿੱਚ ਜਾਰੀ ਨੀਤੀ ਆਯੋਗ ਦੀ ਰਿਪੋਰਟ ਏਆਈ ਫਾਰ ਇਨਕਲੂਸਿਵ ਸੋਸਾਈਟਲ ਡਿਵੈਲਪਮੈਂਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਏਆਈ ਸਰਵਿਸਿਜ਼, ਮਾਰਕੀਟ ਅਤੇ ਵਿੱਤੀ ਪ੍ਰਣਾਲੀਆਂ ਤੱਕ ਪਹੁੰਚ ਵਧਾ ਕੇ ਭਾਰਤ ਦੇ 49 ਕਰੋੜ ਅਨੌਪਚਾਰਿਕ ਵਰਕਰਾਂ ਨੂੰ ਸਸ਼ਕਤ ਬਣਾ ਸਕਦਾ ਹੈ। ਇਹ ਦ੍ਰਿਸ਼ਟੀਕੋਣ ਭਾਰਤ ਦੇ ਸਥਾਪਿਤ ਡਿਜੀਟਲ ਸੋਚ 'ਤੇ ਆਧਾਰਿਤ ਹੈ। ਜਿਵੇਂ ਯੂਪੀਆਈ ਨੇ ਡਿਜੀਟਲ ਭੁਗਤਾਨ ਨੂੰ ਖੁੱਲ੍ਹਾ ਅਤੇ ਸਮਾਵੇਸ਼ੀ ਬਣਾਇਆ, ਆਧਾਰ ਨੇ ਜਨਸੰਖਿਆ ਦੇ ਪੱਧਰ 'ਤੇ ਡਿਜੀਟਲ ਪਛਾਣ ਨੂੰ ਸਮਰੱਥ ਬਣਾਇਆ ਅਤੇ ਸਵਦੇਸ਼ੀ 4G ਤੇ 5G ਸਟੈਕ ਨੇ ਤਕਨੀਕੀ ਆਤਮਨਿਰਭਰਤਾ ਨੂੰ ਮਜ਼ਬੂਤ ਕੀਤਾ, ਹੁਣ ਏਆਈ ਵੀ ਉਸੇ ਰਾਹ 'ਤੇ ਅੱਗੇ ਵਧ ਰਿਹਾ ਹੈ। ਖੁੱਲ੍ਹਾਪਣ, ਸਮਰੱਥਾ ਅਤੇ ਪਹੁੰਚਯੋਗਤਾ ਹੀ ਨਵੀਨਤਾ ਦਾ ਮਾਰਗਦਰਸ਼ਨ ਕਰ ਰਹੇ ਹਨ, ਤਾਂ ਜੋ ਤਰੱਕੀ ਪੂਰੇ ਸਮਾਜ ਨੂੰ ਉੱਚਾ ਚੁੱਕ ਸਕੇ।

## ਜਨ-ਕਲਿਆਣ ਲਈ ਏਆਈ ਤਕਨਾਲੋਜੀ ਨੂੰ ਪਹੁੰਚਯੋਗ ਬਣਾਉਣਾ

ਏਆਈ ਦਾ ਮੁੱਲ ਉਦੋਂ ਹੀ ਸਾਬਤ ਹੁੰਦਾ ਹੈ ਜਦੋਂ ਉਹ ਵਿਆਪਕ ਪੱਧਰ 'ਤੇ ਲੋਕਾਂ ਤੱਕ ਪਹੁੰਚੇ। ਭਾਰਤ ਦਾ ਦ੍ਰਿਸ਼ਟੀਕੋਣ ਵੱਖ-ਵੱਖ ਖੇਤਰਾਂ ਵਿੱਚ ਇਸ ਦੇ ਵਿਹਾਰਕ ਵਰਤੋਂ 'ਤੇ ਕੇਂਦ੍ਰਿਤ ਹੈ, ਤਾਂ ਜੋ ਏਆਈ ਰੋਜ਼ਾਨਾ ਜੀਵਨ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ ਲਿਆ ਸਕੇ। ਜਿਵੇਂ ਇੰਟਰਨੈੱਟ ਅਤੇ ਮੋਬਾਈਲ ਫੋਨ ਨੇ ਵਿਆਪਕ ਵਰਤੋਂ ਦੇ ਮਾਧਿਅਮ ਨਾਲ ਸਮਾਜ ਨੂੰ ਬਦਲ ਦਿੱਤਾ, ਹੁਣ ਏਆਈ ਵੀ ਉਸੇ ਮਾਰਗ 'ਤੇ ਅੱਗੇ ਵਧ ਰਿਹਾ ਹੈ। ਆਸਾਨੀ ਨਾਲ ਵਰਤੇ ਜਾਣ ਵਾਲੇ ਅਤੇ ਵਿਆਪਕ ਰੂਪ ਵਿੱਚ ਪਹੁੰਚਯੋਗ ਐਪਲੀਕੇਸ਼ਨਾਂ ਨੂੰ ਤਰਜੀਹ ਦੇ ਕੇ, ਭਾਰਤ ਇਹ ਯਕੀਨੀ ਬਣਾ ਰਿਹਾ ਹੈ ਕਿ ਏਆਈ ਸਮਾਵੇਸ਼ੀ ਅਤੇ ਮਾਪਣ ਯੋਗ ਜਨਤਕ ਪ੍ਰਭਾਵ ਪੈਦਾ ਕਰੇ।

ਮੁੱਖ ਖੇਤਰਾਂ ਵਿੱਚ ਏਆਈ ਐਪਲੀਕੇਸ਼ਨ ਪਹਿਲਾਂ ਹੀ ਬਦਲਾਅ ਲਿਆ ਰਹੇ ਹਨ। ਖੇਤੀਬਾੜੀ ਦੇ ਖੇਤਰ ਵਿੱਚ, ਏਆਈ ਮੌਸਮ ਦਾ ਅਨੁਮਾਨ ਲਗਾ ਕੇ, ਕੀੜਿਆਂ ਦੇ ਖਤਰਿਆਂ ਦੀ ਪਛਾਣ ਕਰ ਕੇ ਅਤੇ ਸਿੰਚਾਈ ਅਤੇ ਬੀਜਣ ਦੇ ਫੈਸਲਿਆਂ ਵਿੱਚ ਮਾਰਗਦਰਸ਼ਨ ਦੇ ਕੇ ਕਿਸਾਨਾਂ ਦੀ ਮਦਦ ਕਰ ਰਿਹਾ ਹੈ। ਕਿਸਾਨ

ਈ-ਮਿੱਤਰ ਵਰਗੇ ਪਲੈਟਫਾਰਮ ਸਰਕਾਰੀ ਯੋਜਨਾਵਾਂ ਤੱਕ ਪਹੁੰਚ ਨੂੰ ਸਰਲ ਬਣਾਉਂਦੇ ਹਨ, ਜਦਕਿ ਨੈਸ਼ਨਲ ਪੈਸਟ ਸਰਵੇਲੈਂਸ ਸਿਸਟਮ ਅਤੇ ਕਰੌਪ ਹੈਲਥ ਮਾਨੀਟਰਿੰਗ ਉਪਗ੍ਰਹਿ ਅਤੇ ਮੌਸਮ ਡੇਟਾ ਦੀ ਵਰਤੋਂ ਕਰ ਕੇ ਫਸਲਾਂ ਦੀ ਰੱਖਿਆ ਕਰਦੇ ਹਨ ਅਤੇ ਆਮਦਨ ਸੁਰੱਖਿਆ ਵਿੱਚ ਸੁਧਾਰ ਕਰਦੇ ਹਨ। ਸਿਹਤ ਸੇਵਾ ਵਿੱਚ, ਏਆਈ ਬਿਮਾਰੀਆਂ ਦਾ ਜਲਦੀ ਪਤਾ ਲਗਾਉਣ ਵਿੱਚ ਸਮਰੱਥ ਬਣਾਉਂਦਾ ਹੈ, ਮੈਡੀਕਲ ਇਮੇਜਰੀ (ਜਿਵੇਂ ਐਕਸ-ਰੇ, ਐਮਆਰਆਈ) ਦੇ ਵਿਸ਼ਲੇਸ਼ਣ ਵਿੱਚ ਸਹਾਇਤਾ ਕਰਦਾ ਹੈ ਅਤੇ ਟੈਲੀਮੈਡੀਸਿਨ ਸੇਵਾਵਾਂ ਨੂੰ ਮਜ਼ਬੂਤ ਕਰਦਾ ਹੈ, ਜਿਸ ਨਾਲ ਗ੍ਰਾਮੀਣ ਮਰੀਜ਼ਾਂ ਨੂੰ ਮਾਹਿਰਾਂ ਨਾਲ ਜੋੜਿਆ ਜਾ ਰਿਹਾ ਹੈ ਅਤੇ ਇਲਾਜ ਦੀ ਗੁਣਵੱਤਾ ਅਤੇ ਪਹੁੰਚ ਬਿਹਤਰ ਹੋ ਰਹੀ ਹੈ।

### ਭਾਸ਼ਿਣੀ: ਏਆਈ ਦੇ ਮਾਧਿਅਮ ਨਾਲ ਭਾਸ਼ਾਈ ਪਹੁੰਚਯੋਗਤਾ ਦਾ ਸਸ਼ਕਤੀਕਰਣ

ਭਾਸ਼ਿਣੀ ਇੱਕ ਏਆਈ ਸੰਚਾਲਿਤ ਪਲੈਟਫਾਰਮ ਹੈ ਜੋ ਕਈ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਸਪੀਚ ਸੇਵਾਵਾਂ ਪ੍ਰਦਾਨ ਕਰਦਾ ਹੈ। ਇਹ ਉਹਨਾਂ ਨਾਗਰਿਕਾਂ ਨੂੰ ਡਿਜੀਟਲ ਸੇਵਾਵਾਂ ਤੱਕ ਪਹੁੰਚਣ ਵਿੱਚ ਮਦਦ ਕਰਦਾ ਹੈ ਜੋ ਪੜ੍ਹਨ ਜਾਂ ਲਿਖਣ ਵਿੱਚ ਸਹਿਜ ਨਹੀਂ ਹਨ। ਜੁਲਾਈ 2022 ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ, ਭਾਸ਼ਿਣੀ 12 ਲੱਖ ਤੋਂ ਵੱਧ ਡਾਊਨਲੋਡ ਦਾ ਅੰਕੜਾ ਪਾਰ ਕਰ ਚੁੱਕਾ ਹੈ ਅਤੇ ਹੁਣ ਇਹ 36 ਤੋਂ ਵੱਧ ਭਾਸ਼ਾਵਾਂ ਨੂੰ ਸਪੋਰਟ ਕਰਦਾ ਹੈ। ਇਹ ਪਲੈਟਫਾਰਮ 350 ਤੋਂ ਵੱਧ ਏਆਈ ਮਾਡਲਸ ਅਤੇ 450 ਤੋਂ ਵੱਧ ਐਕਟਿਵ ਗਾਹਕਾਂ ਨੂੰ ਇਕੱਠੇ ਜੋੜਦਾ ਹੈ।

ਏਆਈ ਆਪਦਾ ਪ੍ਰਬੰਧਨ ਅਤੇ ਤਿਆਰੀ ਨੂੰ ਵੀ ਮਜ਼ਬੂਤ ਕਰ ਰਿਹਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਵਰਖਾ, ਕੋਹਰੇ ਅਤੇ ਖਰਾਬ ਮੌਸਮ ਦਾ ਅਨੁਮਾਨ ਲਗਾਉਣ ਲਈ ਏਆਈ ਦੀ ਵਰਤੋਂ ਕਰਦਾ ਹੈ, ਜਦਕਿ ਐਡਵਾਂਸਡ ਡਵੋਰਕ ਤਕਨੀਕ ਵਰਗੇ ਉਪਕਰਣ ਚੱਕਰਵਾਤ ਦੀ ਤੀਬਰਤਾ ਦੇ ਅੰਕਲਨ ਵਿੱਚ ਸਹਾਇਤਾ ਕਰਦੇ ਹਨ। ਇਸ ਤੋਂ ਇਲਾਵਾ, ਰੀਅਲ-ਟਾਈਮ ਪਰਾਮਰਸ਼ ਪ੍ਰਦਾਨ ਕਰਨ ਲਈ MausamGPT ਵਿਕਸਿਤ ਕੀਤਾ ਜਾ ਰਿਹਾ ਹੈ। ਏਆਈ ਦੀ ਇਹ ਵਿਆਪਕ ਵਰਤੋਂ ਭਾਰਤ ਦੇ ਨਵੀਨਤਾ ਪਰਿਦ੍ਰਿਸ਼ ਵਿੱਚ ਵੀ ਝਲਕਦੀ ਹੈ। ਜਨਵਰੀ 2026 ਤੱਕ, ਭਾਰਤ ਦੋ ਲੱਖ ਤੋਂ ਵੱਧ ਸਟਾਰਟਅੱਪਸ ਨਾਲ ਦੁਨੀਆ ਦੇ ਸਿਖਰਲੇ ਤਿੰਨ ਸਟਾਰਟਅੱਪ ਈਕੋਸਿਸਟਮ ਵਿੱਚ ਸ਼ਾਮਲ ਹੈ। ਅਨੁਮਾਨ ਹੈ ਕਿ ਇਹਨਾਂ ਵਿੱਚੋਂ ਲਗਭਗ 90 ਪ੍ਰਤੀਸ਼ਤ ਸਟਾਰਟਅੱਪ ਕਿਸੇ ਨਾ ਕਿਸੇ ਰੂਪ ਵਿੱਚ ਏਆਈ-ਸੰਚਾਲਿਤ ਹਨ, ਜੋ ਇਹ ਦਰਸਾਉਂਦਾ ਹੈ ਕਿ ਪੂਰੇ ਦੇਸ਼ ਵਿੱਚ ਨਵੀਨਤਾ ਅਤੇ ਸਮੱਸਿਆ-ਸਮਾਧਾਨ ਵਿੱਚ ਏਆਈ ਕਿੰਨੀ ਡੂੰਘਾਈ ਨਾਲ ਸ਼ਾਮਲ ਹੋ ਚੁੱਕਿਆ ਹੈ।

## ਏਆਈ ਇੰਫਰਾਸਟਰਕਚਰ ਤੱਕ ਸਭ ਦੀ ਪਹੁੰਚ ਯਕੀਨੀ ਬਣਾਉਣਾ

ਏਆਈ ਨੂੰ ਲੋਕਤੰਤਰੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਏਆਈ ਨੂੰ ਸ਼ਕਤੀ ਦੇਣ ਵਾਲਾ ਬੁਨਿਆਦੀ ਢਾਂਚਾ ਖੁੱਲ੍ਹਾ, ਕਿਫਾਇਤੀ ਅਤੇ ਵਿਆਪਕ ਰੂਪ ਵਿੱਚ ਪਹੁੰਚਯੋਗ ਹੋਵੇ। ਭਾਰਤ ਦਾ ਦ੍ਰਿਸ਼ਟੀਕੋਣ ਇਸ ਦੇ ਪੂਰੇ ਏਆਈ ਸਟੈਕ ਦੁਆਰਾ ਨਿਰਦੇਸ਼ਿਤ ਹੈ, ਜੋ ਐਪਲੀਕੇਸ਼ਨ, ਮਾਡਲਸ, ਕੰਪਿਊਟ, ਇੰਫਰਾਸਟਰਕਚਰ ਅਤੇ ਐਨਰਜੀ ਤੱਕ ਫੈਲਿਆ ਹੋਇਆ ਹੈ ਅਤੇ ਇਹਨਾਂ ਲੇਅਰਾਂ ਨੂੰ ਪਰਸਪਰ ਜੁੜੀਆਂ ਰਾਸ਼ਟਰੀ ਸਮਰੱਥਾਵਾਂ ਵਜੋਂ ਵੇਖਦਾ ਹੈ। ਮਾਰਚ 2024 ਵਿੱਚ 10,371.92 ਕਰੋੜ ਰੁਪਏ ਦੇ ਵਿੱਤੀ ਖ਼ਰਚ ਨਾਲ ਪੰਜ ਸਾਲਾਂ ਲਈ ਮਨਜ਼ੂਰ, ਇੰਡੀਆ ਏਆਈ ਮਿਸ਼ਨ ਪਹੁੰਚ ਦਾ ਵਿਸਥਾਰ ਕਰ ਕੇ, ਡੇਟਾ ਦੀ ਉਪਲਬਧਤਾ ਨੂੰ ਮਜ਼ਬੂਤ ਕਰ ਕੇ ਅਤੇ ਲੋਕਾਂ ਲਈ ਏਆਈ ਦੇ ਜ਼ਿੰਮੇਵਾਰ ਵਰਤੋਂ ਨੂੰ ਸਮਰੱਥ ਬਣਾ ਕੇ ਇਸ ਦ੍ਰਿਸ਼ਟੀਕੋਣ ਦੀ ਆਧਾਰਸ਼ਿਲਾ ਰੱਖ ਰਿਹਾ ਹੈ।




### ਡੇਟਾਸੈੱਟ ਅਤੇ ਮਾਡਲ ਤੱਕ ਪਹੁੰਚ

ਹਾਈ-ਕੁਆਲਿਟੀ ਡੇਟਾਸੈੱਟ ਅਤੇ ਦੁਬਾਰਾ ਵਰਤੇ ਜਾਣ ਵਾਲੇ ਮਾਡਲਸ ਤੱਕ ਪਹੁੰਚ ਏਆਈ ਦੇ ਬਰਾਬਰ ਉਪਲਬਧ ਹੋਣ ਦਾ ਇੱਕ ਮੁੱਖ ਚਾਲਕ ਹੈ। ਰਾਸ਼ਟਰੀ ਪਲੈਟਫਾਰਮ ਡਿਵੈਲਪਰਾਂ ਨੂੰ ਸਿਫ਼ਰ ਤੋਂ ਸ਼ੁਰੂ ਕਰਨ ਦੀ ਬਜਾਏ ਤਿਆਰ ਡੇਟਾ ਅਤੇ ਮਾਡਲ ਸਰੋਤਾਂ ਨਾਲ ਕੰਮ ਕਰਨ ਵਿੱਚ ਸਮਰੱਥ ਬਣਾ ਰਹੇ ਹਨ। ਇਸ ਯਤਨ ਨੂੰ ਏਆਈਕੋਸ਼ (AIKosh) ਦਾ ਸਮਰਥਨ ਪ੍ਰਾਪਤ ਹੈ, ਜੋ ਏਆਈ ਡੇਟਾਸੈੱਟ ਅਤੇ ਮਾਡਲਸ ਲਈ ਇੱਕ ਨੈਸ਼ਨਲ ਪਲੈਟਫਾਰਮ ਹੈ। ਇਹ ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਤੋਂ ਡੇਟਾਸੈੱਟ ਨੂੰ ਇਕੱਠੇ ਲਿਆਉਂਦਾ ਹੈ ਅਤੇ ਉਹਨਾਂ ਨੂੰ ਵੱਖ-ਵੱਖ ਖੇਤਰਾਂ ਲਈ ਉਪਲਬਧ ਕਰਵਾਉਂਦਾ ਹੈ। ਇਹ ਸਾਂਝੀ ਪਹੁੰਚ ਨਵੀਨਤਾ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਅਤੇ ਵਰਤੋਂਕਾਰਾਂ ਦੇ ਇੱਕ ਵਿਆਪਕ ਸਮੁਦਾਏ ਤੱਕ ਪਹੁੰਚਣ ਵਿੱਚ ਮਦਦ ਕਰਦੀ ਹੈ।

## ਏਆਈਕੋਸ਼: ਭਾਰਤ ਦਾ ਸਾਂਝਾ ਏਆਈ ਸਰੋਤ ਮੰਚ

ਫਰਵਰੀ 2026 ਤੱਕ, ਏਆਈਕੋਸ਼ (AIKosh) ਇੱਕ ਹੀ ਰਾਸ਼ਟਰੀ ਮੰਚ 'ਤੇ 20 ਖੇਤਰਾਂ ਨਾਲ ਸਬੰਧਤ 7,541 ਡੇਟਾਸੈੱਟ ਅਤੇ 273 ਏਆਈ ਮਾਡਲਸ ਨੂੰ ਇਕੱਠੇ ਲੈ ਕੇ ਆਇਆ ਹੈ। ਦਸੰਬਰ 2025 ਤੱਕ, ਇਸ 'ਤੇ 3.85 ਲੱਖ ਤੋਂ ਵੱਧ ਵਿਜ਼ਿਟਸ, 11,000 ਰਜਿਸਟਰਡ ਵਰਤੋਂਕਾਰ ਅਤੇ 26,000 ਡਾਊਨਲੋਡ ਦਰਜ ਕੀਤੇ ਜਾ ਚੁੱਕੇ ਸਨ।

ਡੇਟਾ ਤੱਕ ਪਹੁੰਚ ਦੇ ਨਾਲ-ਨਾਲ, ਭਾਰਤ ਭਾਰਤੀ ਡੇਟਾ ਅਤੇ ਭਾਸ਼ਾਵਾਂ 'ਤੇ ਸਿਖਲਾਈ ਪ੍ਰਾਪਤ ਆਪਣੇ ਖ਼ੁਦ ਦੇ ਲਾਰਜ ਮਲਟੀਮੋਡਲ ਏਆਈ ਮਾਡਲਸ ਵਿਕਸਿਤ ਕਰ ਰਿਹਾ ਹੈ। ਇਹ ਦ੍ਰਿਸ਼ਟੀਕੋਣ ਸਥਾਨਕ ਲੋੜਾਂ ਅਨੁਸਾਰ ਪ੍ਰਸੰਗਿਕਤਾ ਯਕੀਨੀ ਬਣਾਉਂਦੇ ਹੋਏ ਤਕਨੀਕੀ ਆਤਮਨਿਰਭਰਤਾ ਨੂੰ ਮਜ਼ਬੂਤ ਕਰਦਾ ਹੈ। ਇੰਡੀਆ ਏਆਈ ਮਿਸ਼ਨ ਦੇ ਅਧੀਨ 500 ਤੋਂ ਵੱਧ ਪ੍ਰਸਤਾਵ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿੱਚੋਂ ਪਹਿਲੇ ਦੋ ਪੜਾਵਾਂ ਵਿੱਚ 12 ਸਟਾਰਟਅੱਪਸ ਦਾ ਚਯਨ ਕੀਤਾ ਗਿਆ। ਇਹਨਾਂ ਵਿੱਚ ਸਰਵਮ ਏਆਈ, ਸੋਕੇਟ ਏਆਈ, ਗਿਆਨੀ ਏਆਈ, ਗਨ ਏਆਈ, ਅਵਤਾਰ ਏਆਈ, ਆਈਆਈਟੀ ਬੰਬੇ ਦੇ ਅਗਵਾਈ ਵਿੱਚ ਭਾਰਤਜੇਨ, ਜ਼ੈਂਟਿਕ, ਜੈਨ ਲੂਪ, ਇੰਟੈਲੀਹੈਲਥ, ਸ਼ੋਧ ਏਆਈ, ਫਰੈਕਟਲ ਐਨਾਲਿਟਿਕਸ ਅਤੇ ਟੈਕ ਮਹਿੰਦਰਾ ਮੇਕਰਸ ਲੈਬ ਸ਼ਾਮਲ ਹਨ।

## ਕੰਪਿਊਟ ਤੱਕ ਪਹੁੰਚ

ਇਤਿਹਾਸਕ ਰੂਪ ਵਿੱਚ, ਕੰਪਿਊਟਿੰਗ ਸ਼ਕਤੀ ਤੱਕ ਸੀਮਤ ਪਹੁੰਚ ਕਾਰਨ ਏਆਈ ਦਾ ਵਿਕਾਸ ਸਿਰਫ਼ ਕੁਝ ਵੱਡੀਆਂ ਸੰਸਥਾਵਾਂ ਤੱਕ ਹੀ ਸੀਮਤ ਰਿਹਾ ਹੈ। ਇਸ ਰੁਕਾਵਟ ਨੂੰ ਹੁਣ ਰਵਾਇਤੀ ਅਤੇ ਸਾਂਝੇ ਕੰਪਿਊਟ ਸਰੋਤਾਂ ਦੇ ਮਾਧਿਅਮ ਨਾਲ ਦੂਰ ਕੀਤਾ ਜਾ ਰਿਹਾ ਹੈ। 'ਇੰਡੀਆ ਏਆਈ ਮਿਸ਼ਨ' ਦੇ ਅਧੀਨ, 38,000 ਤੋਂ ਵੱਧ ਹਾਈ-ਐਂਡ GPU ਨੂੰ ਇਸ ਵਿਵਸਥਾ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਮਾਤਰ 65 ਰੁਪਏ ਪ੍ਰਤੀ ਘੰਟੇ ਦੀ ਦਰ 'ਤੇ ਉਪਲਬਧ ਹਨ—ਇਹ ਵਿਸ਼ਵਵਿਆਪੀ ਔਸਤ ਲਾਗਤ ਦਾ ਲਗਭਗ ਇੱਕ-ਤਿਹਾਈ ਹੈ। ਇਸ ਤੋਂ ਇਲਾਵਾ, 1,050 TPU ਨੂੰ ਵੀ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਉੱਨਤ ਏਆਈ ਪ੍ਰੋਸੈਸਿੰਗ ਸਮਰੱਥਾਵਾਂ ਤੱਕ ਪਹੁੰਚ ਦਾ ਹੋਰ ਵਿਸਥਾਰ ਕੀਤਾ ਜਾ ਸਕੇ।

### GPU ਅਤੇ TPU ਕੀ ਹਨ?

GPU ਜਾਂ ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟ ਇੱਕ ਸ਼ਕਤੀਸ਼ਾਲੀ ਕੰਪਿਊਟਰ ਚਿੱਪ ਹੈ, ਜੋ ਮਸ਼ੀਨਾਂ ਨੂੰ ਤੇਜ਼ੀ ਨਾਲ ਸੋਚਣ, ਇਮੇਜ ਪ੍ਰੋਸੈਸ ਕਰਨ, ਏਆਈ ਪ੍ਰੋਗਰਾਮ ਚਲਾਉਣ ਅਤੇ ਜਟਿਲ ਕੰਮਾਂ ਨੂੰ ਇੱਕ ਆਮ ਪ੍ਰੋਸੈਸਰ ਦੀ ਤੁਲਨਾ ਵਿੱਚ ਵਧੇਰੇ ਕੁਸ਼ਲਤਾ ਨਾਲ ਸੰਭਾਲਣ ਵਿੱਚ ਮਦਦ ਕਰਦੀ ਹੈ।

TPU ਜਾਂ ਟੈਂਸਰ ਪ੍ਰੋਸੈਸਿੰਗ ਯੂਨਿਟ, ਇੱਕ ਵਿਸ਼ੇਸ਼ ਕੰਪਿਊਟਰ ਚਿੱਪ ਹੈ ਜਿਸ ਨੂੰ ਵਿਸ਼ੇਸ਼ ਤੌਰ 'ਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਕੰਮਾਂ ਲਈ ਡਿਜ਼ਾਈਨ ਕੀਤਾ ਗਿਆ ਹੈ। TPU ਨੂੰ ਵੱਡੀ ਮਾਤਰਾ ਵਿੱਚ ਡੇਟਾ ਨੂੰ ਤੇਜ਼ੀ ਨਾਲ ਪ੍ਰੋਸੈਸ ਕਰਨ ਲਈ ਬਣਾਇਆ ਗਿਆ ਹੈ, ਤਾਂ ਜੋ ਏਆਈ ਮਾਡਲਸ ਨੂੰ ਸਿਖਲਾਈ ਦੇਣ ਅਤੇ ਉਹਨਾਂ ਨੂੰ ਚਲਾਉਣ ਵਰਗੇ ਕੰਮ ਕੁਸ਼ਲਤਾ ਨਾਲ ਪੂਰੇ ਕੀਤੇ ਜਾ ਸਕਣ।

ਨੈਸ਼ਨਲ ਸੁਪਰਕੰਪਿਊਟਿੰਗ ਮਿਸ਼ਨ ਦੇ ਮਾਧਿਅਮ ਨਾਲ ਹਾਈ-ਪਰਫਾਰਮੈਂਸ ਕੰਪਿਊਟਿੰਗ ਨੂੰ ਵੀ ਪਹੁੰਚਯੋਗ ਬਣਾਇਆ ਜਾ ਰਿਹਾ ਹੈ। ਵੱਖ-ਵੱਖ ਆਈਆਈਟੀ, ਆਈਆਈਐਸਈਆਰ ਅਤੇ ਖੋਜ ਸੰਸਥਾਵਾਂ ਵਿੱਚ 40 ਪੈਟਾਫਲੌਪਸ ਤੋਂ ਵੱਧ ਦੀ ਸਮਰੱਥਾ ਤੈਨਾਤ ਕੀਤੀ ਗਈ ਹੈ। ਪਰਮ ਸਿੱਧੀ-ਏਆਈ ਅਤੇ ਐਰਾਵਤ ਵਰਗੇ ਸਿਸਟਮ ਭਾਸ਼ਾ ਪ੍ਰੋਸੈਸਿੰਗ, ਮੌਸਮ ਦੇ ਅਨੁਮਾਨ ਅਤੇ ਦਵਾਈਆਂ ਦੀ ਖੋਜ ਵਰਗੇ ਐਪਲੀਕੇਸ਼ਨਾਂ ਲਈ ਸਾਂਝੇ ਵਰਤੋਂ ਦਾ ਸਮਰਥਨ ਕਰਦੇ ਹਨ।

**ਚਿੱਪਸ ਅਤੇ ਸੈਮੀਕੰਡਕਟਰ ਸਮਰੱਥਾਵਾਂ ਤੱਕ ਪਹੁੰਚ**

ਕੰਪਿਊਟ ਦਾ ਲੰਬੇ ਸਮੇਂ ਤੱਕ ਲੋਕਤੰਤਰੀਕਰਣ ਘਰੇਲੂ ਚਿੱਪ ਸਮਰੱਥਾਵਾਂ 'ਤੇ ਨਿਰਭਰ ਕਰਦਾ ਹੈ। ਭਾਰਤ ਏਆਈ ਵਰਕਲੋਡ ਨੂੰ ਸਮਰਥਨ ਦੇਣ ਅਤੇ ਬਾਹਰੀ ਸਪਲਾਈ ਚੇਨ 'ਤੇ ਨਿਰਭਰਤਾ ਘਟਾਉਣ ਲਈ ਆਪਣੇ ਸੈਮੀਕੰਡਕਟਰ ਈਕੋਸਿਸਟਮ ਨੂੰ ਮਜ਼ਬੂਤ ਕਰ ਰਿਹਾ ਹੈ। 76,000 ਕਰੋੜ ਰੁਪਏ ਦੇ ਖ਼ਰਚ ਵਾਲਾ 'ਇੰਡੀਆ ਸੈਮੀਕੰਡਕਟਰ ਮਿਸ਼ਨ' ਨਿਰਮਾਣ, ਡਿਜ਼ਾਈਨ ਅਤੇ ਟੈਲੈਂਟ ਡਿਵੈਲਪਮੈਂਟ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਦਸੰਬਰ 2025 ਤੱਕ, 6 ਰਾਜਾਂ ਵਿੱਚ ਲਗਭਗ 1.60 ਲੱਖ ਕਰੋੜ ਰੁਪਏ ਦੇ ਸੰਚਯੀ ਨਿਵੇਸ਼ ਨਾਲ 10 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਸੀ। ਭਾਰਤ ਦਾ ਚਿੱਪ ਬਾਜ਼ਾਰ 2030 ਤੱਕ $100 ਤੋਂ $110 ਬਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਇਸ ਮਹੱਤਵਪੂਰਨ ਖੇਤਰ ਵਿੱਚ ਤੇਜ਼ ਵਿਕਾਸ ਨੂੰ ਦਰਸਾਉਂਦਾ ਹੈ।

ਕੇਂਦਰੀ ਬਜਟ 2026-27 ਨੇ ਇੰਡੀਆ ਸੈਮੀਕੰਡਕਟਰ ਮਿਸ਼ਨ 2.0 ਦੀ ਘੋਸ਼ਣਾ ਨਾਲ ਇਸ ਦਿਸ਼ਾ ਵਿੱਚ ਇੱਕ ਹੋਰ ਵੱਡਾ ਕਦਮ ਚੁੱਕਿਆ ਹੈ। ਵਿੱਤੀ ਵਰ੍ਹੇ 2026-27 ਲਈ 1,000 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ, ਜਿਸ ਵਿੱਚ ਉਦਯੋਗ-ਆਧਾਰਿਤ ਅਨੁਸੰਧਾਨ ਅਤੇ ਸਿਖਲਾਈ ਕੇਂਦਰਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇਸ ਪੜਾਅ ਦਾ ਟੀਚਾ ਤਕਨੀਕੀ ਵਿਕਾਸ ਨੂੰ ਹੋਰ ਡੂੰਘਾ ਕਰਨਾ ਅਤੇ ਭਵਿੱਖ ਲਈ ਤਿਆਰ ਇੱਕ ਕੁਸ਼ਲ ਵਰਕਫੋਰਸ ਦਾ ਨਿਰਮਾਣ ਕਰਨਾ ਹੈ, ਜਿਸ ਨਾਲ ਭਾਰਤ ਵਿੱਚ ਐਕਸੈਸਿਬਲ ਅਤੇ ਰੈਜ਼ੀਲੀਐਂਟ ਏਆਈ ਕੰਪਿਊਟ ਦੀ ਦੀਰਘਕਾਲਿਕ ਨੀਂਹ ਮਜ਼ਬੂਤ ਹੋਵੇਗੀ।

**ਡੇਟਾ ਸੈਂਟਰ ਅਤੇ ਕਨੈਕਟੀਵਿਟੀ ਤੱਕ ਪਹੁੰਚ**

ਏਆਈ ਦੇ ਵਿਆਪਕ ਪ੍ਰਸਾਰ ਲਈ ਸਕੇਲੇਬਲ ਡੇਟਾ ਸੈਂਟਰ ਅਤੇ ਭਰੋਸੇਯੋਗ ਕਨੈਕਟੀਵਿਟੀ ਲਾਜ਼ਮੀ ਹਨ। ਪੰਜਵੀਂ ਪੀੜ੍ਹੀ (5G) ਦੀਆਂ ਮੋਬਾਈਲ ਸੇਵਾਵਾਂ ਹੁਣ 99.9 ਪ੍ਰਤੀਸ਼ਤ ਜ਼ਿਲ੍ਹਿਆਂ ਵਿੱਚ ਉਪਲਬਧ ਹਨ, ਜੋ ਦੇਸ਼ ਦੀ 85 ਪ੍ਰਤੀਸ਼ਤ ਆਬਾਦੀ ਨੂੰ ਕਵਰ ਕਰਦੀਆਂ ਹਨ। ਅਕਤੂਬਰ 2025 ਤੱਕ, ਦੇਸ਼ ਭਰ ਵਿੱਚ 5.08 ਲੱਖ 5G ਬੇਸ ਟ੍ਰਾਂਸਸੀਵਰ ਸਟੇਸ਼ਨ ਸਥਾਪਿਤ ਕੀਤੇ ਜਾ ਚੁੱਕੇ ਸਨ।

ਵਧਦੇ ਡਿਜੀਟਲੀਕਰਣ, ਕਲਾਉਡ ਨੂੰ ਅਪਣਾਉਣ ਅਤੇ ਸਰਕਾਰ ਅਤੇ ਉਦਯੋਗਾਂ ਵਿੱਚ ਏਆਈ ਦੇ ਵਰਤੋਂ ਕਾਰਨ ਭਾਰਤ ਦਾ ਡੇਟਾ ਸੈਂਟਰ ਈਕੋਸਿਸਟਮ ਤੇਜ਼ੀ ਨਾਲ ਵਿਸਥਾਰ ਕਰ ਰਿਹਾ ਹੈ। ਵਰਤਮਾਨ ਵਿੱਚ ਕਲਾਉਡ ਡੇਟਾ ਸੈਂਟਰ ਦੀ ਸਮਰੱਥਾ ਲਗਭਗ 1,280 ਮੈਗਾਵਾਟ ਹੈ, ਜੋ ਬੈਂਕਿੰਗ, ਬਿਜਲੀ ਅਤੇ ਜਨਤਕ ਬੁਨਿਆਦੀ ਢਾਂਚੇ ਵਰਗੇ ਮਹੱਤਵਪੂਰਨ ਖੇਤਰਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਸਮਰੱਥਾ ਦੇ 2030 ਤੱਕ 4 ਤੋਂ 5 ਗੁਣਾ ਵਧਣ ਦੀ ਉਮੀਦ ਹੈ।

ਵਧਦੇ ਮੋਬਾਈਲ ਕਵਰੇਜ ਅਤੇ ਡੇਟਾ ਸੈਂਟਰ ਈਕੋਸਿਸਟਮ ਦੇ ਵਿਸਥਾਰ ਨਾਲ ਦੂਰਦਰਾਜ਼ ਖੇਤਰਾਂ ਵਿੱਚ ਰਹਿਣ ਵਾਲੇ ਆਮ ਆਦਮੀ ਲਈ ਵੀ ਇਹਨਾਂ ਡੇਟਾ ਸੈਂਟਰਾਂ ਦੁਆਰਾ ਸਮਰਥਿਤ ਪ੍ਰਣਾਲੀਆਂ ਅਤੇ ਐਪਲੀਕੇਸ਼ਨਾਂ ਦੀ ਵਰਤੋਂ ਕਰਨ ਅਤੇ ਉਹਨਾਂ ਨੂੰ ਬਣਾਉਣ ਵਿੱਚ ਯੋਗਦਾਨ ਦੇਣ ਦੀ ਸੰਭਾਵਨਾ ਦੇ ਦਰਵਾਜ਼ੇ ਖੁੱਲ੍ਹਣਗੇ।

## ਗਲੋਬਲ ਨਿਵੇਸ਼ ਨਾਲ ਮਜ਼ਬੂਤ ਹੋ ਰਿਹਾ ਭਾਰਤ ਦਾ ਏਆਈ ਈਕੋਸਿਸਟਮ

ਭਾਰਤ ਦਾ ਏਆਈ ਈਕੋਸਿਸਟਮ ਵੱਡੇ ਪੱਧਰ 'ਤੇ ਵਿਸ਼ਵਵਿਆਪੀ ਨਿਵੇਸ਼ ਨੂੰ ਆਕਰਸ਼ਿਤ ਕਰ ਰਿਹਾ ਹੈ। ਗੂਗਲ ਵਿਸ਼ਾਖਾਪਟਨਮ ਵਿੱਚ $15 ਬਿਲੀਅਨ ਦਾ ਏਆਈ ਹਬ ਸਥਾਪਿਤ ਕਰ ਰਿਹਾ ਹੈ, ਜਦਕਿ ਅਮੇਜ਼ਨ ਵੈੱਬ ਸਰਵਿਸਿਜ਼ ਮਹਾਰਾਸ਼ਟਰ ਵਿੱਚ ਡੇਟਾ ਸੈਂਟਰ ਲਈ $8.3 ਬਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।

ਭਾਰਤ ਦੁਨੀਆ ਦੇ ਲਗਭਗ 20 ਪ੍ਰਤੀਸ਼ਤ ਡੇਟਾ ਨੂੰ ਹੋਸਟ ਕਰਦਾ ਹੈ, ਜਦਕਿ ਇਸ ਦੀ ਡੇਟਾ ਸੈਂਟਰ ਸਮਰੱਥਾ ਵਿਸ਼ਵਵਿਆਪੀ ਕੁੱਲ ਸਮਰੱਥਾ ਦਾ ਸਿਰਫ਼ ਤਿੰਨ ਪ੍ਰਤੀਸ਼ਤ ਹੈ। ਮੁੰਬਈ ਅਤੇ ਨਵੀਂ ਮੁੰਬਈ ਸਭ ਤੋਂ ਵੱਡੇ ਕੇਂਦਰ ਹਨ, ਜਿਨ੍ਹਾਂ ਕੋਲ ਕੁੱਲ ਲਾਈਵ ਸਮਰੱਥਾ ਦਾ 25 ਪ੍ਰਤੀਸ਼ਤ ਤੋਂ ਵੱਧ ਹਿੱਸਾ ਹੈ। ਇਸ ਨੂੰ ਘਣੇ ਸਬਸੀ ਕੇਬਲ ਨੈੱਟਵਰਕ ਅਤੇ ਅਨੁਕੂਲ ਨੀਤੀਆਂ ਦਾ ਸਮਰਥਨ ਪ੍ਰਾਪਤ ਹੈ। ਬੰਗਲੌਰ ਅਤੇ ਹੈਦਰਾਬਾਦ ਦੋਵੇਂ ਦੇਸ਼ਾਂ ਦੀ ਸਮਰੱਥਾ ਦਾ ਲਗਭਗ 22 ਪ੍ਰਤੀਸ਼ਤ ਹਿੱਸਾ ਰੱਖਦੇ ਹਨ। ਚੇਨਈ ਦਾ ਯੋਗਦਾਨ ਲਗਭਗ 13 ਪ੍ਰਤੀਸ਼ਤ ਹੈ, ਜਿਸ ਤੋਂ ਬਾਅਦ ਦਿੱਲੀ-ਐਨਸੀਆਰ ਖੇਤਰ 14 ਪ੍ਰਤੀਸ਼ਤ 'ਤੇ ਹੈ। ਪੁਣੇ ਅਤੇ ਕੋਲਕਾਤਾ ਕ੍ਰਮਵਾਰ ਛੇ ਪ੍ਰਤੀਸ਼ਤ ਅਤੇ ਤਿੰਨ ਪ੍ਰਤੀਸ਼ਤ ਦਾ ਯੋਗਦਾਨ ਦਿੰਦੇ ਹਨ। ਭਾਰਤ ਵਿੱਚ ਡੇਟਾ ਸੈਂਟਰ ਦਾ ਪਰਿਦ੍ਰਿਸ਼ ਸਾਰੇ ਖੇਤਰਾਂ ਵਿੱਚ ਤੇਜ਼ੀ ਨਾਲ ਅਤੇ ਨਿਰੰਤਰ ਵਿਸਥਾਰ ਕਰ ਰਿਹਾ ਹੈ।

**ਭਰੋਸੇਯੋਗ ਅਤੇ ਮਜ਼ਬੂਤ ਊਰਜਾ ਤੱਕ ਪਹੁੰਚ**

ਭਰੋਸੇਯੋਗ ਊਰਜਾ ਸਪਲਾਈ ਸੰਪੂਰਨ ਏਆਈ ਇੰਫਰਾਸਟਰਕਚਰ ਦਾ ਆਧਾਰ ਹੈ। ਏਆਈ ਡੇਟਾ ਸੈਂਟਰ ਵਿੱਚ ਬਹੁਤ ਜ਼ਿਆਦਾ ਐਨਰਜੀ ਲੱਗਦੀ ਹੈ, ਜਿਸ ਨਾਲ ਸਸਟੇਨੇਬਿਲਟੀ ਅਤੇ ਸਥਿਰਤਾ ਲਾਜ਼ਮੀ ਹੋ ਜਾਂਦੀ ਹੈ। ਭਾਰਤ ਦਾ ਕਲੀਨ ਐਨਰਜੀ ਟ੍ਰਾਂਜ਼ਿਸ਼ਨ ਇਸ ਲੋੜ ਨੂੰ ਪੂਰਾ ਕਰਦਾ ਹੈ। ਜੂਨ 2025 ਵਿੱਚ, ਭਾਰਤ ਨੇ ਆਪਣੀ ਕੁੱਲ ਸਥਾਪਿਤ ਬਿਜਲੀ ਸਮਰੱਥਾ ਦਾ 50 ਪ੍ਰਤੀਸ਼ਤ ਗੈਰ-ਜੀਵਾਸ਼ਮ ਈਂਧਣ ਸਰੋਤਾਂ ਤੋਂ ਪ੍ਰਾਪਤ ਕਰ ਲਿਆ, ਜੋ ਪੈਰਿਸ ਸਮਝੌਤੇ ਅਧੀਨ ਇਸ ਦੇ 2030 ਦੇ ਟੀਚੇ ਤੋਂ ਪੰਜ ਸਾਲ ਪਹਿਲਾਂ ਹੈ। ਨਵੰਬਰ 2025 ਤੱਕ, ਨਵਿਆਉਣਯੋਗ ਊਰਜਾ ਸਮਰੱਥਾ 253.96 GW ਤੱਕ ਪਹੁੰਚ ਗਈ, ਜੋ ਨਵੰਬਰ 2024 ਦੀ ਤੁਲਨਾ ਵਿੱਚ 23 ਪ੍ਰਤੀਸ਼ਤ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦੀ ਹੈ। ਭਾਰਤ ਨੇ ਅਕੇਲੇ 2025 ਵਿੱਚ ਰਿਕਾਰਡ 44.5 GW ਨਵਿਆਉਣਯੋਗ ਸਮਰੱਥਾ ਜੋੜੀ।

ਨਿਊਕਲੀਅਰ ਐਨਰਜੀ ਵੀ ਸਥਿਰ ਅਤੇ ਨਿਰੰਤਰ ਬਿਜਲੀ ਪ੍ਰਦਾਨ ਕਰ ਕੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਸਟੇਨੇਬਲ ਹਾਰਨੈਸਿੰਗ ਐਂਡ ਐਡਵਾਂਸਮੈਂਟ ਆਫ ਨਿਊਕਲੀਅਰ ਐਨਰਜੀ ਫਾਰ ਟ੍ਰਾਂਸਫਾਰਮਿੰਗ ਇੰਡੀਆ (ਸ਼ਾਂਤੀ) ਐਕਟ 2025 ਦਾ ਉਦੇਸ਼ ਪਰਮਾਣੂ ਖੇਤਰ ਦਾ ਆਧੁਨਿਕੀਕਰਣ ਕਰਨਾ, ਜਨਤਕ-ਨਿਜੀ ਭਾਗੀਦਾਰੀ ਨੂੰ ਵਧਾਉਣਾ ਅਤੇ ਵਿਦੇਸ਼ੀ ਨਿਵੇਸ਼ ਨੂੰ ਸਮਰੱਥ ਬਣਾਉਣਾ ਹੈ। ਭਾਰਤ ਦੀ ਵਰਤਮਾਨ ਪਰਮਾਣੂ ਸਮਰੱਥਾ 8.78 GW ਹੈ ਅਤੇ ਅੰਤਰਰਾਸ਼ਟਰੀ ਸਹਿਯੋਗ ਦੇ ਮਾਧਿਅਮ ਨਾਲ ਸਵਦੇਸ਼ੀ 700 MW ਅਤੇ 1000 MW ਰਿਐਕਟਰਾਂ ਦੇ ਵਿਕਾਸ ਨਾਲ ਇਸ ਦੇ 2031–32 ਤੱਕ ਵਧ ਕੇ 22.38 GW ਹੋਣ ਦਾ ਅਨੁਮਾਨ ਹੈ।

ਡੇਟਾ, ਕੰਪਿਊਟ, ਚਿੱਪਸ, ਕਨੈਕਟੀਵਿਟੀ ਅਤੇ ਊਰਜਾ ਤੱਕ ਪਹੁੰਚ ਦਾ ਵਿਸਥਾਰ ਕਰ ਕੇ, ਭਾਰਤ ਇਹ ਯਕੀਨੀ ਬਣਾ ਰਿਹਾ ਹੈ ਕਿ ਏਆਈ ਸਮਰੱਥਾਵਾਂ ਦੇਸ਼ ਭਰ ਦੇ ਨਵਪ੍ਰਵਰਤਕਾਂ ਅਤੇ ਸੰਸਥਾਵਾਂ ਲਈ ਉਪਲਬਧ ਹੋਣ।

## ਏਆਈ ਨੂੰ ਸਭ ਲਈ ਪਹੁੰਚਯੋਗ ਬਣਾਉਣ ਲਈ ਨਿਯਮ ਅਤੇ ਨੀਤੀਆਂ

ਇੱਕ ਸਹਾਇਕ ਵਿਨਿਯਾਮਕ ਅਤੇ ਨੀਤੀਗਤ ਢਾਂਚਾ ਏਆਈ ਨੂੰ ਸਭ ਲਈ ਪਹੁੰਚਯੋਗ ਬਣਾਉਣ ਲਈ ਬਹੁਤ ਮਹੱਤਵਪੂਰਨ ਹੈ। ਭਾਰਤ ਨੇ ਇੱਕ ਭਰੋਸੇਯੋਗ ਡਿਜੀਟਲ ਆਧਾਰ ਤਿਆਰ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ, ਜੋ ਸੁਰੱਖਿਆ, ਸਮਰੱਥਾ ਅਤੇ ਜਨਤਕ ਜਵਾਬਦੇਹੀ ਯਕੀਨੀ ਬਣਾਉਂਦੇ ਹੋਏ ਏਆਈ ਤੱਕ ਪਹੁੰਚ ਨੂੰ ਸਮਰੱਥ ਬਣਾਉਂਦਾ ਹੈ।

- **ਸਰਕਾਰੀ ਕਲਾਉਡ ਅਤੇ ਡਿਜੀਟਲ ਇੰਫਰਾਸਟਰਕਚਰ:** ਡਿਜੀਟਲ ਇੰਡੀਆ ਪਹਿਲਕਦਮੀ ਅਧੀਨ ਭਾਰਤ ਸਰਕਾਰ ਦੀਆਂ ਕਲਾਉਡ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੇਘਰਾਜ ਨਾਮਕ GI ਕਲਾਉਡ ਸਥਾਪਿਤ ਕੀਤਾ ਗਿਆ ਸੀ। ਇਲੈਕਟ੍ਰਾਨਿਕਸ ਅਤੇ ਸੂਚਨਾ ਟੈਕਨਾਲੋਜੀ ਮੰਤਰਾਲੇ ਦੁਆਰਾ ਸਮਰਥਿਤ, ਇਹ ਈ-ਗਵਰਨੈਂਸ 2,170 ਮੰਤਰਾਲਿਆਂ ਅਤੇ ਵਿਭਾਗਾਂ ਨੇ ਮੇਘਰਾਜ 'ਤੇ ਆਪਣੀਆਂ ਐਪਲੀਕੇਸ਼ਨ ਹੋਸਟ ਕੀਤੀਆਂ ਹਨ, ਜਿਸ ਨਾਲ ਜਨਤਕ ਸੇਵਾਵਾਂ ਵਿੱਚ ਏਆਈ ਦੇ ਵਿਆਪਕ ਵਰਤੋਂ ਦਾ ਮਾਰਗ ਪ੍ਰਸ਼ਸਤ ਹੋਇਆ ਹੈ। ਵਰਤੋਂ ਅਨੁਸਾਰ ਭੁਗਤਾਨ, ਤੇਜ਼ੀ ਨਾਲ ਡਿਪਲੋਏਮੈਂਟ ਅਤੇ ਮੰਗ ਅਨੁਸਾਰ ਸਰੋਤਾਂ ਦੀ ਉਪਲਬਧਤਾ ਵਰਗੀਆਂ ਵਿਸ਼ੇਸ਼ਤਾਵਾਂ ਏਆਈ ਨੂੰ ਅਪਣਾਉਣ ਦੀ ਲਾਗਤ ਅਤੇ ਤਕਨੀਕੀ ਰੁਕਾਵਟਾਂ ਨੂੰ ਘਟਾਉਂਦੀਆਂ ਹਨ। ਨੈਸ਼ਨਲ ਇਨਫਰਮੈਟਿਕਸ ਸੈਂਟਰ ਪੂਰੇ ਸਰਕਾਰੀ ਤੰਤਰ ਵਿੱਚ ਇਹ ਸੇਵਾਵਾਂ ਪ੍ਰਦਾਨ ਕਰਦਾ ਹੈ। ਦਸੰਬਰ 2025 ਤੱਕ, ਹੋਇਆ ਹੈ।
- **ਡੇਟਾ ਗਵਰਨੈਂਸ ਅਤੇ ਕਾਨੂੰਨੀ ਸਹਾਇਕ:** ਭਾਰਤ ਦਾ ਡੇਟਾ ਗਵਰਨੈਂਸ ਫਰੇਮਵਰਕ ਖੁੱਲ੍ਹੇਪਣ ਅਤੇ ਸੁਰੱਖਿਆ ਵਿਚਕਾਰ ਸੰਤੁਲਨ ਬਣਾਉਂਦਾ ਹੈ। 'ਨੈਸ਼ਨਲ ਡੇਟਾ ਸ਼ੇਅਰਿੰਗ ਐਂਡ ਐਕਸੈਸਿਬਿਲਟੀ ਪਾਲਿਸੀ 2012' ਅਧੀਨ 2017 ਵਿੱਚ ਸ਼ੁਰੂ ਕੀਤਾ ਗਿਆ 'ਗਵਰਨਮੈਂਟ ਓਪਨ ਡੇਟਾ ਲਾਇਸੈਂਸ ਇੰਡੀਆ', ਨਾਨ-ਸੈਂਸਿਟਿਵ ਪਬਲਿਕ ਡੇਟਾ ਦੇ ਦੁਬਾਰਾ ਵਰਤੋਂ ਨੂੰ ਸੰਭਵ ਬਣਾਉਂਦਾ ਹੈ। ਇਹ ਫਰੇਮਵਰਕ ਡਿਵੈਲਪਰਾਂ ਅਤੇ ਖੋਜਕਰਤਾਵਾਂ ਨੂੰ data.gov.in 'ਤੇ ਪ੍ਰਕਾਸ਼ਿਤ ਸਰਕਾਰੀ ਡੇਟਾਸੈੱਟ ਦਾ ਵਰਤੋਂ ਕਰ ਕੇ ਏਆਈ ਹੱਲ ਬਣਾਉਣ ਦੀ ਆਗਿਆ ਦੇ ਕੇ ਨਵੀਨਤਾ ਨੂੰ ਵਧਾਉਂਦਾ ਹੈ। ਨਾਲ ਹੀ, ਡਿਜੀਟਲ ਵਿਅਕਤੀਗਤ ਡੇਟਾ ਸੰਰੱਖਣ (ਡੀਪੀਡੀਪੀ) ਐਕਟ 2023 ਵਿਅਕਤੀਗਤ ਡੇਟਾ ਦੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ। ਇਹ ਡੇਟਾ ਸੰਭਾਲਣ ਵਾਲੀਆਂ ਸਾਰੀਆਂ ਸੰਸਥਾਵਾਂ ਲਈ ਸਪੱਸ਼ਟ ਅਨੁਪਾਲਨ ਨਿਯਮ ਨਿਰਧਾਰਿਤ ਕਰਦਾ ਹੈ, ਜਿਸ ਨਾਲ ਵਿਸ਼ਵਾਸ ਅਤੇ ਜਵਾਬਦੇਹੀ ਵਧਦੀ ਹੈ।

ਸਾਥ ਮਿਲ ਕੇ, ਇਹ ਉਪਾਅ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਡੇਟਾ ਤੱਕ ਪਹੁੰਚ ਦਾ ਵਿਸਥਾਰ ਕਰਦੇ ਹਨ, ਜਿਸ ਨਾਲ ਏਆਈ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਇੱਕ ਸਥਿਰ ਵਾਤਾਵਰਣ ਤਿਆਰ ਹੁੰਦਾ ਹੈ।

## ਸਿੱਖਿਆ, ਹੁਨਰ ਵਿਕਾਸ ਅਤੇ ਏਆਈ ਸਾਖਰਤਾ

ਏਆਈ ਦਾ ਲੋਕਤੰਤਰੀਕਰਣ ਤਕਨਾਲੋਜੀ ਦੇ ਨਾਲ-ਨਾਲ ਲੋਕਾਂ 'ਤੇ ਵੀ ਉਹਨਾਂ ਹੀ ਨਿਰਭਰ ਹੈ। ਇਹ ਯਕੀਨੀ ਬਣਾਉਣ ਲਈ ਕਿ ਏਆਈ ਨੂੰ ਸਮਝਿਆ ਜਾਵੇ, ਜ਼ਿੰਮੇਵਾਰੀ ਨਾਲ ਵਰਤਿਆ ਜਾਵੇ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਲਾਗੂ ਕੀਤਾ ਜਾਵੇ, ਇੱਕ ਕੁਸ਼ਲ ਅਤੇ ਜਾਗਰੂਕ ਵਰਕਫੋਰਸ ਦਾ

ਨਿਰਮਾਣ ਜ਼ਰੂਰੀ ਹੈ। ਭਾਰਤ ਦਾ ਦ੍ਰਿਸ਼ਟੀਕੋਣ ਸਕੂਲ ਦੀ ਸਿੱਖਿਆ ਤੋਂ ਲੈ ਕੇ ਉੱਨਤ ਖੋਜ ਤੱਕ, ਹਰ ਚਰਨ ਵਿੱਚ ਸਿੱਖਣ ਦੇ ਮਾਰਗ ਬਣਾਉਣ 'ਤੇ ਕੇਂਦਰਿਤ ਹੈ, ਨਾਲ ਹੀ ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਇਹ ਮੌਕੇ ਵੱਡੇ ਸ਼ਹਿਰੀ ਕੇਂਦਰਾਂ ਤੋਂ ਅੱਗੇ ਵੀ ਪਹੁੰਚਣ।

- **ਉਤਕ੍ਰਿਸ਼ਟਤਾ ਕੇਂਦਰ** : ਅਨੁਸੰਧਾਨ ਆਧਾਰਿਤ ਨਵੀਨਤਾ ਨੂੰ ਵਧਾਉਣ ਲਈ, ਸਰਕਾਰ ਨੇ ਸਿਹਤ ਸੇਵਾ, ਖੇਤੀਬਾੜੀ ਅਤੇ ਮਜ਼ਬੂਤ ਸ਼ਹਿਰਾਂ ਵਰਗੇ ਤਰਜੀਹੀ ਖੇਤਰਾਂ ਵਿੱਚ ਉਤਕ੍ਰਿਸ਼ਟਤਾ ਕੇਂਦਰ (ਸੀਓਈ) ਸਥਾਪਿਤ ਕੀਤੇ ਹਨ। ਕੇਂਦਰੀ ਬਜਟ 2025 ਵਿੱਚ ਸਿੱਖਿਆ ਲਈ ਚੌਥੇ ਉਤਕ੍ਰਿਸ਼ਟਤਾ ਕੇਂਦਰ ਦੀ ਘੋਸ਼ਣਾ ਕੀਤੀ ਗਈ ਸੀ। ਇਹ ਕੇਂਦਰ ਸਹਿਯੋਗੀ ਮੰਚਾਂ ਵਜੋਂ ਕੰਮ ਕਰਦੇ ਹਨ ਜਿੱਥੇ ਸਿੱਖਿਆ ਸੰਸਥਾਵਾਂ, ਉਦਯੋਗ ਅਤੇ ਸਰਕਾਰੀ ਸੰਸਥਾਵਾਂ ਸਕੇਲੇਬਲ ਅਤੇ ਤਾਇਨਾਤ ਕਰਨ ਯੋਗ ਏਆਈ ਹੱਲ ਵਿਕਸਿਤ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਇਸ ਤੋਂ ਇਲਾਵਾ, ਨੌਜਵਾਨਾਂ ਨੂੰ ਉਦਯੋਗ-ਪ੍ਰਸੰਗਿਕ ਏਆਈ ਹੁਨਰ ਨਾਲ ਲੈਸ ਕਰਨ ਅਤੇ ਭਵਿੱਖ ਲਈ ਤਿਆਰ ਵਰਕਫੋਰਸ ਦੇ ਨਿਰਮਾਣ ਵਿੱਚ ਸਹਾਇਤਾ ਲਈ ਪੰਜ ਰਾਸ਼ਟਰੀ ਹੁਨਰ ਉਤਕ੍ਰਿਸ਼ਟਤਾ ਕੇਂਦਰ ਸਥਾਪਿਤ ਕੀਤੇ ਗਏ ਹਨ।
- **ਏਆਈ ਰੈਡੀਨੈੱਸ ਲਈ ਹੁਨਰ (ਐਸਓਏਆਈ):** ਜੁਲਾਈ 2025 ਵਿੱਚ, ਹੁਨਰ ਵਿਕਾਸ ਅਤੇ ਉੱਦਮੀਤਾ ਮੰਤਰਾਲੇ ਨੇ 'ਸਕੇਲਿੰਗ ਫਾਰ ਏਆਈ ਰੈਡੀਨੈੱਸ' (ਐਸਓਏਆਰ) ਲਾਂਚ ਕੀਤਾ, ਜੋ ਕਲਾਸ 6 ਤੋਂ ਕਲਾਸ 12 ਤੱਕ ਦੇ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇੱਕ ਰਾਸ਼ਟਰੀ ਪਹਿਲ ਹੈ। ਇਹ ਪ੍ਰੋਗਰਾਮ ਸਿੱਖਣ ਵਾਲਿਆਂ ਨੂੰ ਤੇਜ਼ੀ ਨਾਲ ਵਧਦੀ ਡਿਜੀਟਲ ਦੁਨੀਆ ਲਈ ਤਿਆਰ ਕਰਦਾ ਹੈ। ਇਸ ਵਿੱਚ ਵਿਦਿਆਰਥੀਆਂ ਲਈ ਤਿੰਨ ਟੀਚੇ ਵਾਲੇ 15-ਘੰਟੇ ਦੇ ਮੌਡਿਊਲ ਅਤੇ ਅਧਿਆਪਕਾਂ ਲਈ 45-ਘੰਟੇ ਦਾ ਮੌਡਿਊਲ ਸ਼ਾਮਲ ਹੈ, ਜਿਸ ਵਿੱਚ ਨੈਤਿਕ ਏਆਈ ਵਰਤੋਂ ਅਤੇ ਮਸ਼ੀਨ ਲਰਨਿੰਗ ਵਰਗੀਆਂ ਬੁਨਿਆਦੀ ਧਾਰਨਾਵਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ।
- **ਵਿਆਵਸਾਇਕ ਅਤੇ ਤਕਨੀਕੀ ਸਿਖਲਾਈ:** ਕਰਾਫਟਸਮੈਨ ਟ੍ਰੇਨਿੰਗ ਸਕੀਮ (ਸ਼ਿਲਪਕਾਰ ਸਿਖਲਾਈ ਯੋਜਨਾ) ਅਧੀਨ, ਆਰਟੀਫਿਸ਼ੀਅਲ ਇੰਟੈਲੀਜੈਂਸ, ਇੰਡਸਟ੍ਰੀਅਲ ਰੋਬੋਟਿਕਸ ਅਤੇ ਵਾਤਾਵਰਣ ਅਨੁਕੂਲ ਤਕਨਾਲੋਜੀਆਂ ਸਮੇਤ 31 ਨਵੇਂ ਜ਼ਮਾਨੇ ਦੇ ਪਾਠਕ੍ਰਮਾਂ ਵਿੱਚ ਸਿਖਲਾਈ ਦਿੱਤਾ ਜਾ ਰਿਹਾ ਹੈ। ਇਹ ਪ੍ਰੋਗਰਾਮ ਉਦਿਯੋਗਿਕ ਸਿਖਲਾਈ ਸੰਸਥਾਵਾਂ (ਆਈਟੀਆਈ) ਅਤੇ ਰਾਸ਼ਟਰੀ ਹੁਨਰ ਸਿਖਲਾਈ ਸੰਸਥਾਵਾਂ ਦੇ ਰਾਸ਼ਟਰਵਿਆਪੀ ਨੈੱਟਵਰਕ ਦੇ ਮਾਧਿਅਮ ਨਾਲ ਸੰਚਾਲਿਤ ਕੀਤੇ ਜਾ ਰਹੇ ਹਨ, ਜੋ ਦੇਸ਼ ਭਰ ਦੇ ਨੌਜਵਾਨਾਂ ਦੇ ਸਕਿਲਿੰਗ ਅਤੇ ਅਪਸਕਿਲਿੰਗ ਦੋਹਾਂ ਵਿੱਚ ਸਹਾਇਤਾ ਪ੍ਰਦਾਨ ਕਰਦੇ ਹਨ।
- **YUVAi ਦੇ ਮਾਧਿਅਮ ਨਾਲ ਨੌਜਵਾਨਾਂ ਦੀ ਭਾਗੀਦਾਰੀ:** ਇਲੈਕਟ੍ਰਾਨਿਕਸ ਅਤੇ ਸੂਚਨਾ ਟੈਕਨਾਲੋਜੀ ਮੰਤਰਾਲੇ ਅਧੀਨ ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ, ਆਪਣੇ ਭਾਈਵਾਲਾਂ ਦੇ ਸਹਿਯੋਗ ਨਾਲ 'YUVAi' ਨੂੰ ਲਾਗੂ ਕਰ ਰਿਹਾ ਹੈ। ਇਹ ਨਵੰਬਰ 2022 ਵਿੱਚ ਸ਼ੁਰੂ ਕੀਤਾ ਗਿਆ ਇੱਕ ਰਾਸ਼ਟਰੀ ਪ੍ਰੋਗਰਾਮ ਹੈ, ਜਿਸ ਦਾ ਉਦੇਸ਼ ਕਲਾਸ 8 ਤੋਂ 12 ਤੱਕ ਦੇ ਵਿਦਿਆਰਥੀਆਂ ਨੂੰ ਸਮਾਵੇਸ਼ੀ ਤਰੀਕੇ ਨਾਲ ਏਆਈ ਅਤੇ ਸਮਾਜਿਕ ਹੁਨਰ ਨਾਲ ਲੈਸ ਕਰਨਾ ਹੈ। ਇਹ ਪ੍ਰੋਗਰਾਮ ਸਿੱਖਣ ਵਾਲਿਆਂ ਨੂੰ ਅੱਠ ਵਿਸ਼ੇਗਤ ਖੇਤਰਾਂ ਵਿੱਚ ਏਆਈ ਦਾ ਵਰਤੋਂ ਕਰਨ ਵਿੱਚ ਸਮਰੱਥ ਬਣਾਉਂਦਾ ਹੈ, ਜਿਨ੍ਹਾਂ ਵਿੱਚ ਖੇਤੀਬਾੜੀ, ਸਿਹਤ, ਸਿੱਖਿਆ, ਵਾਤਾਵਰਣ, ਆਵਾਜਾਈ, ਗ੍ਰਾਮੀਣ ਵਿਕਾਸ, ਸਮਾਰਟ ਸਿਟੀ ਅਤੇ ਕਾਨੂੰਨ ਤੇ ਨਿਆਂ ਸ਼ਾਮਲ ਹਨ।
- **ਸਰਕਾਰੀ ਅਧਿਕਾਰੀਆਂ ਲਈ ਏਆਈ ਕਾਮਪੀਟੈਂਸੀ ਫਰੇਮਵਰਕ:** ਸਰਕਾਰ ਦੇ ਅੰਦਰ ਏਆਈ ਸਮਰੱਥਾ ਨੂੰ ਮਜ਼ਬੂਤ ਕਰਨ ਲਈ, ਸਰਕਾਰੀ ਅਧਿਕਾਰੀਆਂ ਲਈ ਇੱਕ 'ਏਆਈ ਕਾਮਪੀਟੈਂਸੀ ਫਰੇਮਵਰਕ' ਪੇਸ਼ ਕੀਤਾ ਗਿਆ ਹੈ। ਇਹ ਫਰੇਮਵਰਕ ਅਧਿਕਾਰੀਆਂ ਨੂੰ ਜ਼ਰੂਰੀ ਏਆਈ ਹੁਨਰ ਹਾਸਲ ਕਰਨ ਅਤੇ ਉਹਨਾਂ ਨੂੰ ਨੀਤੀ ਨਿਰਮਾਣ ਵਿੱਚ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਵਿੱਚ ਮਦਦ ਕਰਨ ਲਈ ਵਿਵਸਥਿਤ ਅਤੇ ਢਾਂਚਾਗਤ ਟ੍ਰੇਨਿੰਗ ਪ੍ਰਦਾਨ ਕਰਦਾ ਹੈ।
- **ਇੰਡੀਆਏਆਈ ਮਿਸ਼ਨ ਅਧੀਨ ਉੱਚ ਸਿੱਖਿਆ ਅਤੇ ਖੋਜ ਸਹਾਇਤਾ:** ਇੰਡੀਆਏਆਈ ਮਿਸ਼ਨ ਫੈਲੋਸ਼ਿਪ ਅਤੇ ਇੰਫਰਾਸਟਰਕਚਰ ਦੇ ਮਾਧਿਅਮ ਨਾਲ ਉੱਨਤ ਸਿੱਖਿਆ ਅਤੇ ਖੋਜ ਦਾ ਸਮਰਥਨ ਕਰ ਰਿਹਾ ਹੈ। ਇਸ ਅਧੀਨ 500 ਪੀਐਚਡੀ ਵਿਦਵਾਨਾਂ, 5,000 ਸਨਾਤਕੋੱਤਰ ਵਿਦਿਆਰਥੀਆਂ ਅਤੇ 8,000 ਸਨਾਤਕ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਜੁਲਾਈ 2025 ਤੱਕ, ਦੋ ਸੌ ਤੋਂ ਵੱਧ ਵਿਦਿਆਰਥੀ ਫੈਲੋਸ਼ਿਪ ਪ੍ਰਾਪਤ ਕਰ ਚੁੱਕੇ ਸਨ ਅਤੇ 73 ਸੰਸਥਾਵਾਂ ਨੇ ਪੀਐਚਡੀ ਉਮੀਦਵਾਰਾਂ ਨੂੰ ਆਪਣੇ ਨਾਲ ਜੋੜ ਲਿਆ ਸੀ। ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿੱਚ ਡੇਟਾ ਅਤੇ ਏਆਈ ਪ੍ਰਯੋਗਸ਼ਾਲਾਵਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਐਨਆਈਈਐਲਆਈਟੀ ਅਤੇ ਉਦਯੋਗ ਭਾਈਵਾਲਾਂ ਦੇ ਸਹਿਯੋਗ ਨਾਲ 31 ਲੈਬ ਪਹਿਲਾਂ ਹੀ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ, ਜਦਕਿ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਵਧੀਕ ਲੈਬ ਸਥਾਪਿਤ ਕਰਨ ਲਈ 174 ਆਈਟੀਆਈ ਅਤੇ ਪੌਲੀਟੈਕਨਿਕ ਸੰਸਥਾਵਾਂ ਨੂੰ ਨਾਮਜ਼ਦ ਕੀਤਾ ਹੈ।

ਨਾਲ ਮਿਲ ਕੇ, ਇਹ ਸਾਰੀਆਂ ਪਹਿਲਾਂ ਏਆਈ ਸਾਖਰਤਾ ਨੂੰ ਮਜ਼ਬੂਤ ਕਰ ਰਹੀਆਂ ਹਨ, ਹੁਨਰ ਵਿਕਾਸ ਦਾ ਵਿਸਥਾਰ ਕਰ ਰਹੀਆਂ ਹਨ ਅਤੇ ਇੱਕ ਅਜਿਹੀ ਟੈਲੈਂਟ ਪਾਈਪਲਾਈਨ ਬਣਾ ਰਹੀਆਂ ਹਨ ਜੋ ਏਆਈ ਈਕੋਸਿਸਟਮ ਵਿੱਚ ਸਮਾਵੇਸ਼ੀ ਅਤੇ ਸਸਟੇਨੇਬਲ ਵਿਕਾਸ ਦਾ ਸਮਰਥਨ ਕਰਦੀ ਹੈ।

## ਏਆਈ ਨੂੰ ਸਭ ਲਈ ਪਹੁੰਚਯੋਗ ਬਣਾਉਣ ਲਈ ਵਿਸ਼ਵਵਿਆਪੀ ਸਹਿਯੋਗ

ਕਈ ਦੇਸ਼ਾਂ ਲਈ, ਵਿਸ਼ੇਸ਼ ਤੌਰ 'ਤੇ ਗਲੋਬਲ ਸਾਊਥ (ਵਿਕਾਸਸ਼ੀਲ ਅਤੇ ਘੱਟ ਆਮਦਨ ਵਾਲੇ ਦੇਸ਼ਾਂ) ਲਈ, ਏਆਈ ਨੂੰ ਲੋਕਤੰਤਰੀ ਕਰਨਾ ਡੇਟਾ, ਕੰਪਿਊਟ (ਸ਼ਕਤੀਸ਼ਾਲੀ ਕੰਪਿਊਟਰ) ਅਤੇ ਡਿਜੀਟਲ ਬੁਨਿਆਦੀ ਢਾਂਚੇ ਵਰਗੇ ਬੁਨਿਆਦੀ ਸਰੋਤਾਂ ਤੱਕ ਨਿਰਪੱਖ ਅਤੇ ਸਸਤੀ ਪਹੁੰਚ 'ਤੇ ਨਿਰਭਰ ਕਰਦਾ ਹੈ। ਇਸ ਚੁਣੌਤੀ ਨਾਲ ਨਿਪਟਣ ਲਈ ਇੱਕ ਤਾਲਮੇਲ ਵਾਲੇ ਵਿਸ਼ਵਵਿਆਪੀ ਸਹਿਯੋਗ ਦੀ ਲੋੜ ਹੈ। ਇੰਡੀਆ-ਏਆਈ ਇੰਪੈਕਟ ਸਮਿਟ 2026 ਸਮੂਹਿਕ ਜੁੜਾਅ ਲਈ ਇੱਕ ਵੱਡਾ ਮੰਚ ਪ੍ਰਦਾਨ ਕਰਦਾ ਹੈ, ਜਿਸ ਵਿੱਚ 15 ਤੋਂ 20 ਰਾਸ਼ਟਰਪਤੀ, 50 ਤੋਂ ਵੱਧ ਅੰਤਰਰਾਸ਼ਟਰੀ ਮੰਤਰੀ ਅਤੇ 100 ਤੋਂ ਵੱਧ ਵਿਸ਼ਵ ਅਤੇ ਭਾਰਤੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਇੱਕਠੇ ਆ ਰਹੇ ਹਨ। ਇਸ ਸਿਖਰ ਸੰਮੇਲਨ ਦੀਆਂ ਚਰਚਾਵਾਂ ਨੂੰ ਚੱਕਰ ਜਾਂ ਵਰਕਿੰਗ ਗਰੁੱਪਾਂ ਦੇ ਮਾਧਿਅਮ ਨਾਲ ਵਿਵਸਥਿਤ ਕੀਤਾ ਗਿਆ ਹੈ, ਜੋ ਸੱਤ ਲਗਾਤਾਰ ਜੁੜੇ ਵਿਸ਼ਿਆਂ 'ਤੇ ਆਧਾਰਿਤ ਹਨ। ਇਹਨਾਂ ਵਿੱਚੋਂ, ਡੈਮੋਕਰੈਟਾਈਜ਼ਿੰਗ ਏਆਈ ਰਿਸੋਰਸਿਜ਼ ਵਰਕਿੰਗ ਗਰੁੱਪ ਇੱਕ ਖਾਸ ਪਹਿਲ ਹੈ। ਭਾਰਤ, ਮਿਸਰ ਅਤੇ ਕੀਨੀਆ ਦੀ ਸਹਿ-ਅਧਿਆਪਕਤਾ ਵਾਲਾ ਇਹ ਸਮੂਹ, ਸਾਂਝੀ ਪਹੁੰਚ, ਸਹਿਯੋਗ ਅਤੇ ਸਮਰੱਥਾ ਨਿਰਮਾਣ ਦੇ ਮਾਧਿਅਮ ਨਾਲ ਇੱਕ ਵਧੇਰੇ ਸਮਾਵੇਸ਼ੀ ਅਤੇ ਸੰਤੁਲਿਤ ਵਿਸ਼ਵ ਵਿਆਪੀ ਏਆਈ ਈਕੋਸਿਸਟਮ ਨੂੰ ਅੱਗੇ ਵਧਾਉਣ ਲਈ ਵੱਖ-ਵੱਖ ਦੇਸ਼ਾਂ ਅਤੇ ਹਿੱਤਧਾਰਕਾਂ ਨੂੰ ਇੱਕ ਮੰਚ 'ਤੇ ਲਿਆਉਂਦਾ ਹੈ।

ਇਹ ਵਰਕਿੰਗ ਗਰੁੱਪ ਇਹ ਯਕੀਨੀ ਬਣਾਉਣ ਦਾ ਯਤਨ ਕਰਦਾ ਹੈ ਕਿ ਏਆਈ ਦੇ ਜ਼ਰੂਰੀ ਸਰੋਤ ਸਭ ਲਈ ਪਹੁੰਚਯੋਗ ਅਤੇ ਸਸਤੇ ਹੋਣ, ਤਾਂ ਜੋ ਸਾਰੇ ਦੇਸ਼ ਆਪਣੀਆਂ ਰਾਸ਼ਟਰੀ ਤਰਜੀਹਾਂ ਅਨੁਸਾਰ ਏਆਈ ਦੇ ਵਿਕਾਸ, ਵਰਤੋਂ ਅਤੇ ਇਸ ਨੂੰ ਲਾਗੂ ਕਰਨ ਵਿੱਚ ਅਰਥਪੂਰਨ ਰੂਪ ਵਿੱਚ ਭਾਗ ਲੈ ਸਕਣ।

**ਇਸ ਵਰਕਿੰਗ ਗਰੁੱਪ ਦੇ ਮੁੱਖ ਉਦੇਸ਼ ਨਿਮਨਲਿਖਤ ਹਨ:**

- ਏਆਈ ਸਰੋਤਾਂ ਨੂੰ ਗਲੋਬਲ ਪਬਲਿਕ ਗੁੱਡਸ ਵਜੋਂ ਪਹੁੰਚਯੋਗ ਅਤੇ ਸਸਤਾ ਬਣਾਉਣਾ।
- ਡਿਸਟ੍ਰਿਬਿਊਟਿਡ ਏਆਈ ਇੰਫਰਾਸਟਰਕਚਰ ਦੇ ਨਿਰਮਾਣ ਅਤੇ ਓਪਨ ਇਨੋਵੇਸ਼ਨ ਨੂੰ ਵਧਾਉਣ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਸਹੂਲਤ ਪ੍ਰਦਾਨ ਕਰਨਾ।
- ਲੋਕਲ ਏਆਈ ਈਕੋਸਿਸਟਮ ਨੂੰ ਮਜ਼ਬੂਤ ਕਰਨ ਲਈ ਸਮਰੱਥਾ ਨਿਰਮਾਣ ਅਤੇ ਗਿਆਨ ਦੇ ਆਦਾਨ-ਪ੍ਰਦਾਨ ਦਾ ਸਮਰਥਨ ਕਰਨਾ।

ਸਮਾਨ ਪਹੁੰਚ, ਸਹਿਯੋਗ ਅਤੇ ਸਮਰੱਥਾ ਨਿਰਮਾਣ ਨੂੰ ਵਧਾਉਂਦੇ ਹੋਏ, ਡੈਮੋਕਰੈਟਾਈਜ਼ਿੰਗ ਏਆਈ ਰਿਸੋਰਸਿਜ਼ ਵਰਕਿੰਗ ਗਰੁੱਪ ਇੱਕ ਅਜਿਹੇ ਭਵਿੱਖ ਦਾ ਸਮਰਥਨ ਕਰਦਾ ਹੈ ਜਿੱਥੇ ਸਾਰੇ ਦੇਸ਼ ਏਆਈ ਦੀ ਵਰਤੋਂ ਇਸ ਤਰ੍ਹਾਂ ਕਰ ਸਕਣ ਜੋ ਸਮਾਵੇਸ਼ੀ ਵਿਕਾਸ ਅਤੇ ਮਜ਼ਬੂਤ ਵਿਕਾਸ ਨੂੰ ਅੱਗੇ ਵਧਾ ਸਕੇ।

## ਨਿਸ਼ਕਰਸ਼

ਭਾਰਤ ਦਾ ਏਆਈ ਨੂੰ ਸਭ ਲਈ ਪਹੁੰਚਯੋਗ ਬਣਾਉਣ ਦਾ ਦ੍ਰਿਸ਼ਟੀਕੋਣ ਇਹ ਦਿਖਾਉਂਦਾ ਹੈ ਕਿ ਸਕੇਲ, ਇਨਕਲੂਜ਼ਨ ਅਤੇ ਇਨੋਵੇਸ਼ਨ ਇੱਕ ਸਾਥ ਅੱਗੇ ਵਧ ਸਕਦੇ ਹਨ। ਅਫੋਰਡੇਬਿਲਟੀ, ਓਪਨਨੈੱਸ ਅਤੇ ਟ੍ਰੱਸਟ 'ਤੇ ਧਿਆਨ ਕੇਂਦ੍ਰਿਤ ਕਰਨ ਨਾਲ ਇਹ ਯਕੀਨੀ ਬਣਦਾ ਹੈ ਕਿ ਏਆਈ ਦਾ ਲਾਭ ਕਿਸਾਨਾਂ, ਵਿਦਿਆਰਥੀਆਂ, ਖੋਜਕਰਤਾਵਾਂ, ਸਟਾਰਟਅੱਪਸ ਅਤੇ ਜਨਤਕ ਸੰਸਥਾਵਾਂ ਤੱਕ ਬਰਾਬਰ ਪਹੁੰਚੇ। ਜਿਵੇਂ ਕਿ ਭਾਰਤ ਇੰਡੀਆ-ਏਆਈ ਇੰਪੈਕਟ ਸਮਿਟ 2026 ਦੀ ਮੇਜ਼ਬਾਨੀ ਕਰ ਰਿਹਾ ਹੈ, ਇਹ ਆਪਣੇ ਇਸ ਅਨੁਭਵ ਨੂੰ ਇੱਕ ਵਿਸ਼ਵਵਿਆਪੀ ਸੰਦਰਭ ਵਿੱਚ ਵੀ ਰੱਖ ਰਿਹਾ ਹੈ, ਜੋ ਗਲੋਬਲ ਸਾਊਥ ਦੀਆਂ ਤਰਜੀਹਾਂ ਅਨੁਸਾਰ ਇੱਕ ਮਾਡਲ ਪੇਸ਼ ਕਰਦਾ ਹੈ। ਅੱਗੇ ਦਾ ਰਾਹ ਹੁਣ ਸਪੱਸ਼ਟ ਹੈ। ਏਆਈ ਨੂੰ ਸਭ ਲਈ ਪਹੁੰਚਯੋਗ ਬਣਾਉਣਾ ਕੋਈ ਇੱਕ ਵਾਰ ਦਾ ਯਤਨ ਨਹੀਂ ਹੈ, ਸਗੋਂ ਇਹ ਇੱਕ ਨਿਰੰਤਰ ਪ੍ਰਤਿਬੱਧਤਾ ਹੈ ਤਾਂ ਜੋ ਇਹ ਯਕੀਨੀ ਬਣ ਸਕੇ ਕਿ ਤਕਨੀਕੀ ਤਰੱਕੀ ਸਮਾਜ ਨੂੰ ਮਜ਼ਬੂਤ ਕਰੇ, ਅਸਮਾਨਤਾਵਾਂ ਨੂੰ ਘਟਾਏ ਅਤੇ ਸਾਰਿਆਂ ਲਈ ਸਸਟੇਨੇਬਲ ਡਿਵੈਲਪਮੈਂਟ ਲਈ ਸਹਿਯੋਗ ਕਰੇ।


ਸੰਦਰਭ:

ਪੀਆਈਬੀ ਬੈਕਗ੍ਰਾਊਂਡਰਸ:

- https://www.pib.gov.in/PressNoteDetails.aspx?NoteId=156786&ModuleId=3&reg=3&lang=1
- https://www.pib.gov.in/PressReleasePage.aspx?PRID=2181411&reg=3&lang=2
- https://www.pib.gov.in/PressNoteDetails.aspx?id=156593&NoteId=156593&ModuleId=3&reg=3&lang=2
- https://www.pib.gov.in/PressNoteDetails.aspx?NoteId=154968&ModuleId=3&reg=3&lang=2
- https://www.pib.gov.in/PressReleasePage.aspx?PRID=2224839&reg=3&lang=1
- https://static.pib.gov.in/WriteReadData/specificdocs/documents/2026/feb/doc202624779301.pdf

ਇਲੈਕਟ੍ਰਾਨਿਕਸ ਅਤੇ ਆਈਟੀ ਮੰਤਰਾਲਾ:

- https://www.pib.gov.in/PressReleasePage.aspx?PRID=2154338&reg=3&lang=2
- https://impact.indiaai.gov.in/
- https://www.pib.gov.in/PressReleasePage.aspx?PRID=2202897&reg=3&lang=2
- https://sansad.in/getFile/loksabhaquestions/annex/186/AU2962_QPBfD2.pdf?source=pqals
- https://aikosh.indiaai.gov.in/home

ਸੂਚਨਾ ਅਤੇ ਪ੍ਰਸਾਰਣ ਮੰਤਰਾਲਾ:

- https://www.pib.gov.in/PressReleasePage.aspx?PRID=2216958&reg=3&lang=2

ਪ੍ਰਧਾਨ ਵਿਗਿਆਨੀ ਸਲਾਹਕਾਰ ਦਾ ਦਫ਼ਤਰ

- https://psa.gov.in/CMS/web/sites/default/files/publication/WP_Democratising%20Access_V3.0_29122025A.pdf

ਹੁਨਰ ਵਿਕਾਸ ਅਤੇ ਉੱਦਮੀਤਾ ਮੰਤਰਾਲਾ:

- https://www.pib.gov.in/PressReleasePage.aspx?PRID=2197070&reg=3&lang=1

ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ:

- https://www.pib.gov.in/PressReleasePage.aspx?PRID=2209478&reg=3&lang=1

ਸੰਚਾਰ ਮੰਤਰਾਲਾ:

- https://www.pib.gov.in/PressReleasePage.aspx?PRID=2206477&reg=3&lang=1

**Click here to see pdf**

****

**PIB Research/SJ**